ਪਹਿਲੇ ਸਫੇ ਤੋਂ

ਏ ਸੀ ਪੀ ਮੁਅੱਤਲ

ਮਨਸਵੀ ਵਸ਼ਿਸ਼ਠ ਵਿਰੁੱਧ ਵਿਭਾਗੀ ਕਾਰਵਾਈ ਦੀ ਤਜਵੀਜ਼ ਹੈ, ਇਸ ਲਈ ਸਮਰੱਥ ਅਧਿਕਾਰੀ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਦਾ ਹੈ।" ਇਸੇ ਦੌਰਾਨ ਵਕੀਲਾਂ ਨੇ ਦਿੱਲੀ ਹਾਈ ਕੋਰਟ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਪੁਲੀਸ ਦੇ ਏ ਸੀ ਪੀ ਮਨਸਵੀ ਵਸ਼ਿਸ਼ਠ, ਜਿਸ ਨੂੰ ਵਕੀਲਾਂ ਨੂੰ ਕਥਿਤ ਤੌਰ 'ਤੇ ਧਮਕਾਉਣ ਲਈ ਮੁਅੱਤਲ ਕੀਤਾ ਗਿਆ ਹੈ, ਦੇ ਵਤੀਰੇ ਦਾ ਖ਼ੁਦ ਨੋਟਿਸ ਲਏ। -ਪੀਟੀਆਈ

ਦੀਆ ਮਿਰਜ਼ਾ

ਸਾਂਝ ਅਤੇ ਸਬੰਧਾਂ ਦੀ ਮਜ਼ਬੂਤ ਭਾਵਨਾ 'ਤੇ ਜਿਉਂਦਾ ਹੈ, ਜਿਸ ਨੂੰ ਬੇਲੋੜੀਆਂ ਟਿੱਪਣੀਆਂ ਨਾਲ ਭੰਗ ਨਹੀਂ ਕੀਤਾ ਜਾਣਾ ਚਾਹੀਦਾ। ਸੋਮਵਾਰ ਨੂੰ ਬ੍ਰਿਹਨਮੁੰਬਈ ਮਿਉਂਸਿਪਲ ਕਾਰਪੋਰੇਸ਼ਨ (ਬੀ ਐੱਮ ਸੀ) ਦੀ ਵਾਤਾਵਰਨ ਅਨੁਕੂਲ ਦੀਵਾਲੀ ਮੁਹਿੰਮ ਲਈ ਮਿਰਜ਼ਾ ਦੀ ਵੀਡੀਓ ਸਬੰਧੀ ਉਸ ਸਮੇਂ ਸਿਆਸੀ ਵਿਵਾਦ ਛਿੜ ਗਿਆ, ਜਦੋਂ ਮੁੰਬਈ ਭਾਜਪਾ ਪ੍ਰਧਾਨ ਅਮਿਤ ਸਾਤਮ ਦੇ ਇਤਰਾਜ਼ ਅਤੇ ਮੇਅਰ ਰਿਤੂ ਤਾਵੜੇ ਦੀਆਂ ਉਨ੍ਹਾਂ (ਦੀਆ) ਨੂੰ ਹਿੰਦੂ-ਵਿਰੋਧੀ ਦੱਸਣ ਵਾਲੀਆਂ ਟਿੱਪਣੀਆਂ ਤੋਂ ਬਾਅਦ ਨਗਰ ਨਿਗਮ ਨੇ ਸੋਸ਼ਲ ਮੀਡੀਆ ਤੋਂ ਅਦਾਕਾਰਾ ਦੀ ਕਲਿੱਪ ਨੂੰ ਚੋਣਵੇਂ ਤੌਰ 'ਤੇ ਹਟਾ ਦਿੱਤਾ ਸੀ। ਦੂਜੇ ਪਾਸੇ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਬੀ ਐੱਮ ਸੀ ਵੱਲੋਂ ਅਦਾਕਾਰਾ ਦੀਆ ਮਿਰਜ਼ਾ ਦੀ ਪਟਾਕਿਆਂ-ਵਿਰੋਧੀ ਵੀਡੀਓ ਨੂੰ ਹਟਾਏ ਜਾਣ ਦੇ ਵਿਵਾਦ ਨੂੰ ਛੋਟਾ ਮੁੱਦਾ ਕਰਾਰ ਦਿੰਦਿਆਂ ਕਿਹਾ ਕਿ ਇਹ ਉਨ੍ਹਾਂ ਦੇ ਪੱਧਰ ਦਾ ਮਾਮਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਬੰਬਈ ਹਾਈ ਕੋਰਟ ਨੇ ਨਗਰ ਨਿਗਮ ਦੀ ਕੋਈ ਝਾੜਝੰਬ ਨਹੀਂ ਕੀਤੀ। ਇਸ ਦੌਰਾਨ ਭਾਜਪਾ ਨੇ ਅਦਾਕਾਰਾ ਦੀਆ ਮਿਰਜ਼ਾ ਅਤੇ ਨਸੀਰੂਦੀਨ ਸ਼ਾਹ 'ਤੇ ਵਾਤਾਵਰਨ ਨਾਲ ਜੁੜੀਆਂ ਚਿੰਤਾਵਾਂ ਬਾਰੇ ਚੋਣਵੇਂ ਤੌਰ 'ਤੇ ਰੋਸ ਪ੍ਰਗਟਾਉਣ ਦਾ ਦੋਸ਼ ਲਾਇਆ। ਪਾਰਟੀ ਨੇ ਦੋਸ਼ ਲਾਇਆ ਕਿ ਉਹ ਦੂਜੇ ਧਰਮਾਂ ਦੇ ਤਿਉਹਾਰਾਂ ਦੌਰਾਨ ਪ੍ਰਦੂਸ਼ਣ ਨਾਲ ਜੁੜੇ ਮਾਮਲਿਆਂ 'ਤੇ ਚੁੱਪ ਰਹਿੰਦੇ ਹਨ ਪਰ ਹਿੰਦੂ ਤਿਉਹਾਰਾਂ 'ਤੇ ਸਵਾਲ ਖੜ੍ਹੇ ਕਰਦੇ ਹਨ। -ਪੀਟੀਆਈ

ਡੀ ਏ

ਕਿਹਾ ਗਿਆ ਹੈ। ਅਦਾਲਤ ਨੇ ਕਿਹਾ ਕਿ ਇਸ ਦੇ 3 ਅਗਸਤ ਦੇ ਹੁਕਮਾਂ ਰਾਹੀਂ, ਡਿਵੀਜ਼ਨ ਬੈਂਚ ਨੇ 18 ਅਗਸਤ, 2026 ਨੂੰ ਖ਼ਤਮ ਹੋਣ ਵਾਲੀ ਨਿਰਧਾਰਤ ਮਿਆਦ ਦੇ ਅੰਦਰ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਬਣਦੇ ਬਕਾਏ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਸਨ। ਇਸ ਨੇ ਮੁੱਖ ਸਕੱਤਰ ਨੂੰ ਇਹ ਵੀ ਨਿਰਦੇਸ਼ ਦਿੱਤਾ ਸੀ ਕਿ ਉਹ ਹੁਕਮ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਅਤੇ 31 ਅਗਸਤ ਤੱਕ ਰਜਿਸਟਰੀ ਵਿੱਚ ਹਲਫ਼ਨਾਮੇ ਰਾਹੀਂ ਪਾਲਣਾ ਰਿਪੋਰਟ ਦਾਖ਼ਲ ਕਰਨ। ਅਦਾਲਤ ਨੂੰ ਸੂਚਿਤ ਕੀਤਾ ਗਿਆ ਸੀ ਕਿ ਨਿਰਧਾਰਤ ਮਿਆਦ ਤੱਕ ਕੋਈ ਪਾਲਣਾ ਰਿਪੋਰਟ ਦਾਖ਼ਲ ਨਹੀਂ ਕੀਤੀ ਗਈ ਸੀ ਅਤੇ ਨਿਰਦੇਸ਼ਾਂ ਨੂੰ ਲਾਗੂ ਨਹੀਂ ਕੀਤਾ ਗਿਆ। ਦੇਰੀ ਨਾਲ ਭੁਗਤਾਨ ਕੀਤੇ ਜਾਣ ਦੀ ਸਥਿਤੀ ਵਿੱਚ 6 ਫ਼ੀਸਦੀ ਸਾਲਾਨਾ ਵਿਆਜ ਦੇ ਪ੍ਰਬੰਧ ਦੇ ਸਰਕਾਰ ਦੇ ਤਰਕ ਨੂੰ ਰੱਦ ਕਰਦਿਆਂ, ਅਦਾਲਤ ਨੇ ਫ਼ੈਸਲਾ ਦਿੱਤਾ ਕਿ ਵਿਆਜ ਦੇ ਪ੍ਰਬੰਧ ਨੂੰ ਪਾਲਣਾ ਦਾ ਕੋਈ ਬਦਲਵਾਂ ਤਰੀਕਾ ਨਹੀਂ ਮੰਨਿਆ ਜਾ ਸਕਦਾ। ਮੁੱਖ ਸਕੱਤਰ ਵੱਲੋਂ 30 ਅਕਤੂਬਰ ਨੂੰ ਦਾਖ਼ਲ ਕੀਤੀ ਗਈ ਸਟੇਟਸ ਰਿਪੋਰਟ ਦਾ ਨੋਟਿਸ ਲੈਂਦਿਆਂ, ਅਦਾਲਤ ਨੇ ਕਿਹਾ ਕਿ ਬਕਾਇਆ ਦੇਣਦਾਰੀ ਲਗਪਗ 32,418 ਕਰੋੜ ਰੁਪਏ ਹੈ।

ਹਰਿਆਣਾ

ਹੈ। ਜ਼ਮੀਨ ਮਾਲਕਾਂ ਨੂੰ ਰਜਿਸਟਰੇਸ਼ਨ ਤੋਂ ਚਾਰ ਸਾਲਾਂ ਤੱਕ ਇੱਕ ਲੱਖ ਰੁਪਏ ਸਾਲਾਨਾ ਵਿੱਤੀ ਮਦਦ ਅਤੇ 15 ਦਿਨਾਂ ਤੋਂ ਵੱਧ ਦੇਰੀ ਉੱਤੇ ਨੌਂ ਫ਼ੀਸਦ ਸਾਲਾਨਾ ਵਿਆਜ ਮਿਲੇਗਾ। ਵਿਦੇਸ਼ ਭੇਜਣ ਦੇ ਨਾਂ 'ਤੇ ਨੌਜਵਾਨਾਂ ਨਾਲ ਹੁੰਦੀ ਠੱਗੀ ਰੋਕਣ ਲਈ ਸਾਰੇ ਨਵੇਂ ਤੇ ਪੁਰਾਣੇ ਟਰੈਵਲ ਏਜੰਟਾਂ, ਸਟੱਡੀ ਵੀਜ਼ਾ ਕੰਸਲਟੈਂਸੀ, ਪਾਸਪੋਰਟ ਤੇ ਟਿਕਟਿੰਗ ਸੇਵਾਵਾਂ ਅਤੇ ਹਰ ਸ਼ਾਖਾ ਲਈ ਪੰਜ ਹਜ਼ਾਰ ਰੁਪਏ ਫ਼ੀਸ ਨਾਲ ਰਜਿਸਟਰੇਸ਼ਨ ਲਾਜ਼ਮੀ ਕੀਤੀ ਗਈ ਹੈ, ਜਿਸ ਦਾ ਸਰਟੀਫਿਕੇਟ 30 ਦਿਨਾਂ ਵਿੱਚ ਜਾਰੀ ਹੋਵੇਗਾ। ਇਸ ਦੇ ਨਾਲ ਹੀ ਐਜੂਕੇਸ਼ਨਲ ਕਾਲਜ ਕਾਡਰ (ਗਰੁੱਪ ਸੀ) ਦੇ ਨਿਯਮਾਂ ਵਿੱਚ ਸੋਧ ਅਤੇ 628 ਗਊਸ਼ਾਲਾਵਾਂ ਵਿੱਚ ਚਾਰੇ ਤੇ ਸ਼ੈੱਡਾਂ ਦੀ ਉਸਾਰੀ ਲਈ 86.95 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ।

ਗੋਇਲ

ਕਿਹਾ, "ਅਸੀਂ ਭਾਰਤ ਵਿੱਚ ਕਿਸੇ ਵੀ ਜੀ ਐੱਮ ਉਤਪਾਦ ਨੂੰ ਆਉਣ ਦੀ ਇਜਾਜ਼ਤ ਨਾ ਦੇਣ ਪ੍ਰਤੀ ਬਹੁਤ ਸੰਵੇਦਨਸ਼ੀਲ ਹਾਂ, ਅਸੀਂ ਇਸ ਦੀ ਕਦੇ ਇਜਾਜ਼ਤ ਨਹੀਂ ਦਿੱਤੀ ਅਤੇ ਭਵਿੱਖ ਵਿੱਚ ਵੀ ਕਦੇ ਇਜਾਜ਼ਤ ਨਹੀਂ ਦੇਵਾਂਗੇ। ਅਸੀਂ ਆਪਣੀਆਂ ਧਾਰਮਿਕ ਭਾਵਨਾਵਾਂ ਪ੍ਰਤੀ ਸੰਵੇਦਨਸ਼ੀਲ ਹਾਂ। ਇਸ ਲਈ ਵਿਦੇਸ਼ਾਂ ਵਿੱਚ ਅਕਸਰ ਆਪਣੇ ਡੇਅਰੀ ਉਤਪਾਦ ਤਿਆਰ ਕਰਨ ਵੇਲੇ ਵੱਛੇ ਦੇ ਮਾਸ ਜਾਂ ਰੈਨੇਟ ਦੀ ਵਰਤੋਂ ਕੀਤੀ ਜਾਂਦੀ ਹੈ। ਅਸੀਂ ਭਾਰਤ ਵਿੱਚ ਇਸ ਦੀ ਇਜਾਜ਼ਤ ਨਹੀਂ ਦਿੰਦੇ। ਇਸ ਨੂੰ ਸਖ਼ਤੀ ਨਾਲ ਪ੍ਰਮਾਣਿਤ ਕਰਨਾ ਚਾਹੀਦਾ ਹੈ ਤਾਂ ਕਿ ਭਾਰਤ ਦੇ ਵੱਡੇ ਹਿੱਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪੁੱਜੇ।" ਰੈਨੇਟ ਪਨੀਰ ਬਣਾਉਣ ਵਿੱਚ ਵਰਤਿਆ ਜਾਣ ਵਾਲਾ ਐਂਜ਼ਾਈਮ ਹੈ, ਜੋ ਰਵਾਇਤੀ ਤੌਰ 'ਤੇ ਛੋਟੇ ਵੱਛਿਆਂ ਦੇ ਪੇਟ ਦੀ ਪਰਤ ਤੋਂ ਪ੍ਰਾਪਤ ਕੀਤਾ ਜਾਂਦਾ ਹੈ। -ਪੀਟੀਆਈ

ਪਟਾਕਿਆਂ ਦੀ ਵਿਕਰੀ

ਛਪੀ ਖ਼ਬਰ ਵਿੱਚ ਇੱਕ ਤਸਵੀਰ ਹੈ... ਉਹ ਕਹਿੰਦੇ ਹਨ ਕਿ ਕੱਲ੍ਹ ਦੇ ਹੁਕਮ ਦੇ ਬਾਵਜੂਦ ਹੁਣ ਦੁਕਾਨਾਂ ਵਿੱਚ ਹਰ ਚੀਜ਼ ਉਪਲਬਧ ਹੈ। ਕਿਰਪਾ ਕਰ ਕੇ ਇਸ ਵੱਲ ਧਿਆਨ ਦਿਓ।" ਜਸਟਿਸ ਸੁੰਦਰੇਸ਼ ਨੇ ਹੋਰ ਕਿਹਾ, "ਉਹ ਕਹਿੰਦੇ ਹਨ ਕਿ ਬਾਜ਼ਾਰ ਵਿੱਚ ਹਰ ਦੂਜਾ ਪਟਾਕਾ, ਲਾਇਸੈਂਸਸ਼ੁਦਾ, ਬਿਨਾਂ ਲਾਇਸੈਂਸ ਵਾਲਾ, ਕਿਊ ਆਰ ਕੋਡ ਵਾਲਾ ਜਾਂ ਬਿਨਾਂ ਕਿਊ ਆਰ ਕੋਡ ਵਾਲਾ, ਸਭ ਕੁਝ ਉਪਲਬਧ ਹੈ। ਕਿਰਪਾ ਕਰ ਕੇ ਇਸ ਦਾ ਨੋਟਿਸ ਲਓ।" -ਪੀਟੀਆਈ

ਹਵਾਰਾ

ਜਾਣ ਦੀ ਹਵਾਰਾ ਦੀ ਪਟੀਸ਼ਨ 'ਤੇ ਆਈ ਬੀ ਤੋਂ ਮਸ਼ਵਰਾ ਲਵੇ। ਜਗਤਾਰ ਸਿੰਘ ਹਵਾਰਾ ਅਗਸਤ 1995 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਦਿੱਲੀ ਸਰਕਾਰ ਵੱਲੋਂ ਪੇਸ਼ ਹੋਈ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਹਵਾਰਾ ਜੇਲ੍ਹੋਂ ਭੱਜਣ ਦੀ ਘਟਨਾ ਵਿੱਚ ਸ਼ਾਮਲ ਸੀ ਅਤੇ ਕਤਲ ਦੇ ਮਾਮਲੇ ਵਿੱਚ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ ਸੀ। ਭਾਟੀ ਨੇ ਦਲੀਲ ਦਿੱਤੀ ਕਿ ਉਸ ਨੂੰ ਦੂਜੀ ਜੇਲ੍ਹ ਵਿੱਚ ਤਬਦੀਲ ਕੀਤੇ ਜਾਣ ਨਾਲ ਉਸ ਦੇ ਫ਼ਰਾਰ ਹੋਣ ਦਾ ਖ਼ਤਰਾ ਵਧ ਸਕਦਾ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਦਾਖ਼ਲ ਹਲਫ਼ਨਾਮੇ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਹਵਾਰਾ ਦਾ ਦੂਜੀ ਜੇਲ੍ਹ ਵਿੱਚ ਤਬਾਦਲਾ ਰਾਜ ਵਿੱਚ ਕਾਨੂੰਨ-ਪ੍ਰਬੰਧ ਦੀ ਸਥਿਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ। -ਪੀਟੀਆਈ

ਇਨਸਾਫ਼ ਰੈਲੀ

ਨੂੰ ਅੰਤਿਮ ਛੋਹਾਂ ਦੇਣ ਮਗਰੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਜਲੰਧਰ ਛਾਉਣੀ ਤੋਂ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਇਹ ਇਕੱਠ ਬਦਲਾਅ ਦੇ ਵੱਡੇ ਵਾਅਦੇ ਕਰ ਕੇ ਸੱਤਾ ਵਿੱਚ ਆਈ ਭਗਵੰਤ ਮਾਨ ਸਰਕਾਰ ਦੇ ਖ਼ਾਤਮੇ ਦਾ ਮੁੱਢ ਬੰਨ੍ਹੇਗਾ। ਰੈਲੀ ਦੇ ਮੁੱਖ ਪ੍ਰਬੰਧਕ ਅਤੇ ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਦੱਸਿਆ ਕਿ ਕਰੀਬ 12 ਏਕੜ ਰਕਬੇ ਵਿੱਚ ਤਿਆਰ ਕੀਤੇ ਪੰਡਾਲ ਵਿੱਚ 25 ਹਜ਼ਾਰ ਕੁਰਸੀਆਂ ਲਾਈਆਂ ਗਈਆਂ ਹਨ।

ਰਾਹੁਲ ਵੱਲੋਂ ਮੋਦੀ ਨੂੰ ਦੇਸ਼ ਵਿਰੋਧੀ ਟਿੱਪਣੀਆਂ ਬਾਰੇ ਬਹਿਸ ਦੀ ਚੁਣੌਤੀ

ਨਵੀਂ ਦਿੱਲੀ: ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਵਿਰੋਧੀ ਧਿਰ ਨੂੰ 'ਦੇਸ਼ ਵਿਰੋਧੀ' ਦੱਸਣ ਵਾਲੇ ਦੋਸ਼ਾਂ 'ਤੇ ਸਿੱਧੀ ਗੱਲ ਕਰਨ। ਉਨ੍ਹਾਂ ਮੋਦੀ ਨੂੰ ਇਹ ਵੀ ਪੁੱਛਿਆ ਕਿ ਵਿਦੇਸ਼ੀ ਤਾਕਤਾਂ ਨਾਲ ਸਬੰਧਾਂ ਬਾਰੇ ਉਨ੍ਹਾਂ ਦੇ ਦੋਸ਼ 'ਤੇ ਪ੍ਰਧਾਨ ਮੰਤਰੀ ਨੇ ਹਾਲੇ ਤੱਕ ਮਾਣਹਾਨੀ ਦਾ ਕੇਸ ਕਿਉਂ ਨਹੀਂ ਕੀਤਾ। 'ਐਕਸ' 'ਤੇ ਪੋਸਟ ਵਿੱਚ ਗਾਂਧੀ ਨੇ ਕਿਹਾ ਕਿ ਬਹਿਸ ਲਈ ਕੋਈ ਵੀ ਥਾਂ ਚੁਣੀ ਜਾ ਸਕਦੀ ਹੈ ਅਤੇ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੂੰ ਜੱਜ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਬਹਿਸ ਵਿੱਚ ਅਮਰੀਕਾ ਨਾਲ ਸਮਝੌਤੇ, ਅਡਾਨੀ ਮਾਮਲੇ ਅਤੇ ਹੋਰ ਮੁੱਦਿਆਂ 'ਤੇ ਵੀ ਗੱਲ ਹੋਵੇਗੀ। -ਪੀਟੀਆਈ

ਭਾਜਪਾ ਵੱਲੋਂ ਬਠਿੰਡਾ ਵਿੱਚ ਮੋਦੀ ਦੀ ਰੈਲੀ ਕਰਵਾਉਣ ਦੀ ਤਿਆਰੀ

- ਰਾਹੁਲ ਦੀ ਸੰਗਰੂਰ ਰੈਲੀ 'ਤੇ ਵੀ ਭਾਜਪਾ ਦੀ ਨਜ਼ਰ

ਚਰਨਜੀਤ ਭੁੱਲਰ
ਚੰਡੀਗੜ੍ਹ, 3 ਨਵੰਬਰ

ਭਾਜਪਾ ਵੱਲੋਂ ਦੀਵਾਲੀ ਮਗਰੋਂ ਬਠਿੰਡਾ ਅਤੇ ਪਟਿਆਲਾ ਵਿੱਚ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਹੈ। ਕੁਝ ਹਫ਼ਤੇ ਪਹਿਲਾਂ ਪੰਜਾਬ ਭਾਜਪਾ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਪੱਤਰ ਲਿਖ ਕੇ ਸੂਬੇ ਵਿੱਚ ਸਿਆਸੀ ਰੈਲੀਆਂ ਲਈ ਪ੍ਰਧਾਨ ਮੰਤਰੀ ਤੋਂ ਸਮਾਂ ਮੰਗਿਆ ਹੈ।

ਭਾਜਪਾ ਭਾਵੇਂ ਅਗਾਊਂ ਤੌਰ 'ਤੇ ਹੀ ਮਾਲਵੇ ਵਿੱਚ ਪ੍ਰਧਾਨ ਮੰਤਰੀ ਦਾ ਪ੍ਰੋਗਰਾਮ ਉਲੀਕ ਰਹੀ ਸੀ ਪਰ ਹੁਣ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਸੰਗਰੂਰ ਰੈਲੀ ਨੂੰ ਦੇਖਦਿਆਂ ਪਾਰਟੀ ਨੇ ਸਿਆਸੀ ਸਰਗਰਮੀ ਤੇਜ਼ ਕਰ ਦਿੱਤੀ ਹੈ। 117 ਮੈਂਬਰੀ ਪੰਜਾਬ ਵਿਧਾਨ ਸਭਾ ਦੀਆਂ 69 ਸੀਟਾਂ ਮਾਲਵੇ ਵਿੱਚ ਹੀ ਹਨ। ਕਿਸਾਨ ਜਥੇਬੰਦੀਆਂ ਦਾ ਗੜ੍ਹ ਮੰਨੇ ਜਾਂਦੇ ਇਸ ਖ਼ਿੱਤੇ 'ਚੋਂ ਹੀ ਸਭ ਤੋਂ ਵੱਧ ਲੋਕ ਦਿੱਲੀ ਕਿਸਾਨ ਅੰਦੋਲਨ ਵਿੱਚ ਪਹੁੰਚੇ ਸਨ। ਸੂਤਰ ਦੱਸਦੇ ਹਨ ਕਿ ਜੇ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਦੀ ਗੱਲ ਕਿਸੇ ਤਣ ਪੱਤਣ ਲੱਗਦੀ ਹੈ, ਤਾਂ ਬਠਿੰਡਾ ਵਿੱਚ ਪ੍ਰਧਾਨ ਮੰਤਰੀ ਦੀ ਰੈਲੀ ਰਾਹੀਂ ਵੱਡਾ ਸ਼ਕਤੀ ਪ੍ਰਦਰਸ਼ਨ ਹੋ ਸਕਦਾ ਹੈ।

ਇਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 20 ਅਕਤੂਬਰ ਨੂੰ ਪੰਜਾਬ ਦੌਰੇ ਦੌਰਾਨ ਪੀੜਤ ਪਰਿਵਾਰਾਂ ਨੂੰ ਮਿਲੇ ਸਨ, ਜਿਨ੍ਹਾਂ ਵਿੱਚ ਮਾਨਸਾ ਦੇ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦਾ ਪਰਿਵਾਰ ਵੀ ਸ਼ਾਮਲ ਸੀ। ਬੀਤੇ ਦਿਨ ਪਰਵਿੰਦਰ ਸਿੰਘ ਝੋਟੇ ਦੇ ਪਿਤਾ ਭੀਮ ਸਿੰਘ ਵੱਲੋਂ ਰਾਹੁਲ ਗਾਂਧੀ ਨੂੰ ਮਿਲਣ ਤੋਂ ਇਨਕਾਰ ਕਰਨ ਨੂੰ ਭਾਜਪਾ ਸੁਖਾਵੇਂ ਸੰਕੇਤ ਵਜੋਂ ਦੇਖ ਰਹੀ ਹੈ।

ਹਾਲੇ ਤਰੀਕ ਤੈਅ ਨਹੀਂ: ਕੇਵਲ ਢਿੱਲੋਂ



ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਠਿੰਡਾ ਵਿੱਚ ਪ੍ਰੋਗਰਾਮ ਕਰਵਾਇਆ ਜਾਣਾ ਤਾਂ ਤੈਅ ਹੈ ਪਰ ਹਾਲੇ ਇਸ ਦੀ ਤਰੀਕ ਤੈਅ ਨਹੀਂ ਹੋਈ। ਦੋਆਬੇ ਤੋਂ ਬਾਅਦ ਹੁਣ ਮਾਲਵੇ ਵਿੱਚ ਪ੍ਰਧਾਨ ਮੰਤਰੀ ਦੇ ਵੱਡੇ ਸਮਾਗਮ ਹੋਣਗੇ। ਪ੍ਰਧਾਨ ਮੰਤਰੀ ਦਫ਼ਤਰ ਤੋਂ ਸਿਆਸੀ ਰੈਲੀ ਲਈ ਸਮਾਂ ਮਿਲਦੇ ਹੀ ਤਿਆਰੀਆਂ ਵਿੱਢ ਦਿੱਤੀਆਂ ਜਾਣਗੀਆਂ।

ਟੋਟੇ ਚੌਲ ਦੀ ਬਰਾਮਦ 'ਤੇ ਮੁੜ ਪਾਬੰਦੀਆਂ ਦੀ ਸੰਭਾਵਨਾ

- ਬਰਾਮਦਕਾਰਾਂ ਦੀ ਫੈਡਰੇਸ਼ਨ ਵੱਲੋਂ ਚਿਤਾਵਨੀ

ਨਵੀਂ ਦਿੱਲੀ, 3 ਨਵੰਬਰ

ਭਾਰਤੀ ਚੌਲ ਬਰਾਮਦਕਾਰਾਂ ਦੀ ਫੈਡਰੇਸ਼ਨ (ਆਈ ਆਰ ਈ ਐਫ) ਨੇ ਚਿਤਾਵਨੀ ਦਿੱਤੀ ਹੈ ਕਿ ਕੌਮਾਂਤਰੀ ਪੱਧਰ 'ਤੇ ਕੀਮਤਾਂ 360 ਡਾਲਰ ਪ੍ਰਤੀ ਟਨ ਤੋਂ ਪਾਰ ਹੋਣ ਅਤੇ ਵਿਦੇਸ਼ੀ ਖ਼ਰੀਦਦਾਰਾਂਅਤੇ ਘਰੇਲੂ ਉਦਯੋਗਾਂ (ਜਿਨ੍ਹਾਂ ਵਿੱਚ ਈਥਾਨੌਲ ਨਿਰਮਾਤਾ ਅਤੇ ਪੋਲਟਰੀ-ਫੀਡ ਉਤਪਾਦਕ ਸ਼ਾਮਲ ਹਨ) ਵਿਚਕਾਰ ਮੁਕਾਬਲਾ ਵਧਣ ਦੇ ਮੱਦੇਨਜ਼ਰ, ਭਾਰਤ 100 ਫ਼ੀਸਦ ਟੁੱਟੇ ਚੌਲਾਂ (ਟੋਟਾ ਚੌਲ) ਦੀ ਬਰਾਮਦ 'ਤੇ ਪਾਬੰਦੀਆਂ ਦੁਬਾਰਾ ਲਾਗੂ ਕਰ ਸਕਦਾ ਹੈ।

ਉਦਯੋਗਿਕ ਸੰਸਥਾ ਨੇ ਕਿਹਾ ਕਿ 2027 ਵਿੱਚ ਪੰਜ ਰਾਜਾਂ 'ਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਘਰੇਲੂ ਕੀਮਤਾਂ ਵਿੱਚ ਵਾਧਾ ਅਤੇ ਮਹਿੰਗਾਈ ਦਾ ਵਧਦਾ ਦਬਾਅ ਸਰਕਾਰੀ ਦਖ਼ਲ ਦੀ ਸੰਭਾਵਨਾ ਨੂੰ ਹੋਰ ਵਧਾ ਸਕਦਾ ਹੈ। ਹਾਲੇ ਤੱਕ ਬਰਾਮਦ 'ਤੇ ਕੋਈ ਨਵੀਂ ਪਾਬੰਦੀ ਦਾ ਐਲਾਨ ਨਹੀਂ ਕੀਤਾ ਗਿਆ ਹੈ। ਖ਼ਪਤਕਾਰ ਮਾਮਲਿਆਂ ਬਾਰੇ ਵਿਭਾਗ ਅਨੁਸਾਰ, ਚੌਲ ਟੋਟੇ ਦਾ ਭਾਰਤ ਵਿੱਚ ਔਸਤ ਥੋਕ ਭਾਅ 2 ਨਵੰਬਰ ਨੂੰ 5.3 ਫ਼ੀਸਦੀ ਵਧ ਕੇ 3,036 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਜਦਕਿ 10 ਅਕਤੂਬਰ ਨੂੰ ਇਹ 2,883 ਰੁਪਏ ਸੀ। -ਪੀਟੀਆਈ



ਗੋਲੀਕਾਂਡ ਦੇ ਮੁੱਖ ਮੁਲਜ਼ਮ ਰਾਜੂ ਦੀ ਪੁਲੀਸ ਹਿਰਾਸਤ 'ਚ ਮੌਤ

- ਪਰਿਵਾਰ ਨੇ ਪੁਲੀਸ 'ਤੇ ਤਸ਼ੱਦਦ ਦੇ ਦੋਸ਼ ਲਾਏ

ਸੰਤੋਖ ਗਿੱਲ
ਗੁਰੂਸਰ ਸੁਧਾਰ, 3 ਨਵੰਬਰ

ਥਾਣਾ ਸੁਧਾਰ ਅਧੀਨ ਪੈਂਦੇ ਪਿੰਡ ਰਾਜੋਆਣਾ ਕਲਾਂ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿੱਚ ਚੱਲੀਆਂ ਗੋਲੀਆਂ ਦੇ ਮਾਮਲੇ 'ਚ ਮੁੱਖ ਮੁਲਜ਼ਮ ਰਾਜ ਸਿੰਘ ਉਰਫ਼ ਰਾਜੂ ਦੀ ਬੀਤੀ ਦੇਰ ਰਾਤ ਪੁਲੀਸ ਹਿਰਾਸਤ ਵਿੱਚ ਮੌਤ ਹੋ ਗਈ। ਜਾਣਕਾਰੀ ਅਨੁਸਾਰ 28 ਅਕਤੂਬਰ ਨੂੰ ਤੜਕਸਾਰ ਗੁਰਦੁਆਰੇ ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਦੇ ਰਿਹਾਇਸ਼ੀ ਕਮਰੇ 'ਤੇ ਗੋਲੀਆਂ ਚਲਾਈਆਂ ਗਈਆਂ ਸਨ। ਇਸ ਮਗਰੋਂ ਫ਼ਿਰੋਜ਼ਪੁਰ ਦੇ ਪਿੰਡ ਨੂਰਪੁਰ ਮਾਛੀਵਾੜਾ ਦੇ ਵਸਨੀਕ ਰਾਜੂ ਨੂੰ ਲੁਧਿਆਣਾ (ਦਿਹਾਤੀ) ਪੁਲੀਸ ਨੇ ਗ੍ਰਿਫ਼ਤਾਰ ਕੀਤਾ ਸੀ ਅਤੇ ਸੋਮਵਾਰ ਬਾਅਦ ਦੁਪਹਿਰ ਜ਼ਿਲ੍ਹਾ ਪੁਲੀਸ ਮੁਖੀ ਡਾ. ਅੰਕੁਰ ਗੁਪਤਾ ਨੇ ਪ੍ਰੈੱਸ ਕਾਨਫਰੰਸ ਕਰ ਕੇ ਇਸ ਬਾਰੇ ਜਾਣਕਾਰੀ ਦਿੱਤੀ ਸੀ।

ਪੁਲੀਸ ਅਨੁਸਾਰ ਰਾਜੂ ਨੂੰ ਬੀਤੀ ਦੇਰ ਸ਼ਾਮ ਥਾਣਾ ਸੁਧਾਰ ਲਿਆਂਦਾ ਗਿਆ ਸੀ। ਹਵਾਲਾਤ ਵਿੱਚ ਬੰਦ ਕਰਨ ਮਗਰੋਂ ਘਬਰਾਹਟ, ਬਲੱਡ ਪ੍ਰੈਸ਼ਰ ਘਟਣ ਅਤੇ ਸਾਹ ਲੈਣ ਵਿੱਚ ਤਕਲੀਫ਼ ਹੋਣ 'ਤੇ ਪੁਲੀਸ ਉਸ ਨੂੰ ਪਹਿਲਾਂ ਸੁਧਾਰ ਦੇ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਲੈ ਗਈ, ਪਰ ਹਾਲਤ ਗੰਭੀਰ ਹੋਣ ਕਾਰਨ ਦੇਰ ਰਾਤ ਲੁਧਿਆਣਾ ਦੇ ਪ੍ਰਾਈਵੇਟ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਰਾਜੂ ਦੀ ਪਤਨੀ ਪਰਮਜੀਤ ਕੌਰ ਅਤੇ ਭਤੀਜੇ ਨਵਦੀਪ ਸਿੰਘ ਨੇ ਕਿਹਾ ਕਿ ਪੁਲੀਸ ਰਾਜੂ ਨੂੰ ਜ਼ੀਰਾ ਨੇੜਲੇ ਪਿੰਡ ਸੇਖਵਾਂ ਸਥਿਤ ਪਰਾਲੀ ਦੇ ਡੰਪ ਤੋਂ ਚੁੱਕ ਕੇ ਲੈ ਗਈ ਸੀ ਅਤੇ ਘਰ ਦੀ ਤਲਾਸ਼ੀ ਦੌਰਾਨ ਵੀ ਕੋਈ ਹਥਿਆਰ ਜਾਂ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਸੀ। ਪਰਿਵਾਰ ਨੇ ਰਾਜੂ ਦੇ ਗੰਭੀਰ ਬਿਮਾਰ ਹੋਣ ਦੇ ਪੁਲੀਸ ਦੇ ਦਾਅਵੇ ਨੂੰ ਨਕਾਰਦਿਆਂ ਕਿਹਾ ਕਿ ਸਾਲ 2014 ਵਿੱਚ ਇਲਾਜ ਮਗਰੋਂ ਉਹ ਪੂਰੀ ਤਰ੍ਹਾਂ ਤੰਦਰੁਸਤ ਸੀ। ਉਨ੍ਹਾਂ ਮਾਮਲੇ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।

ਪੁਲੀਸ ਨੇ ਦੋਸ਼ ਨਕਾਰੇ

ਲੁਧਿਆਣਾ (ਦਿਹਾਤੀ) ਦੇ ਐੱਸ ਪੀ (ਡੀ) ਰਾਜਨ ਸ਼ਰਮਾ ਨੇ ਤਸ਼ੱਦਦ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਰਾਜੂ ਬਿਮਾਰ ਸੀ ਤੇ ਇਲਾਜ ਦੌਰਾਨ ਉਸ ਦੀ ਮੌਤ ਹੋਈ ਹੈ, ਜਿਸ ਦਾ ਸਾਰਾ ਰਿਕਾਰਡ ਮੌਜੂਦ ਹੈ। ਮੈਜਿਸਟ੍ਰੇਟ ਦੀ ਨਿਗਰਾਨੀ ਹੇਠ ਡਾਕਟਰਾਂ ਦੇ ਬੋਰਡ ਤੋਂ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਰਿਪੋਰਟ ਵਿੱਚ ਕੋਈ ਤੱਥ ਸਾਹਮਣੇ ਆਉਣ 'ਤੇ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

AU SMALL FINANCE BANK
A SCHEDULED COMMERCIAL BANK

ਏਯੂ ਸਮਾਲ ਫਾਇਨਾਂਸ ਬੈਂਕ ਲਿਮਟਿਡ (ਇਕ ਪੱਟੀਦਰਜ ਕਮਰਸ਼ੀਅਲ ਬੈਂਕ)

ਰਜਿਸਟਰਡ ਦਫ਼ਤਰ: 19-ਏ, ਧੂਲੇਸ਼ਵਰ ਗਾਰਡਨ, ਅਜਮੇਰ ਰੋਡ, ਜੈਪੁਰ-302001, ਰਾਜਸਥਾਨ (ਭਾਰਤ) CIN: L36911RJ1996PLC011381

ਜ਼ਮੀਮਾ-IV-ਏ [ਨਿਯਮ 8(6) ਦੀ ਵਿਵਸਥਾ ਦੇਖੋ] ਅਚੱਲ ਪ੍ਰਾਪਰਟੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ

ਸਕਿਓਰਿਟੀ ਇੰਟਰਸਟ (ਐਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਐਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।

ਆਮ ਜਨਤਾ ਨੂੰ ਅਤੇ ਵਿਸ਼ੇਸ਼ ਤੌਰ 'ਤੇ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਦਾਤਾ ਅਤੇ ਗਾਰੰਟਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠ ਦਰਸਾਈ ਅਚੱਲ ਪ੍ਰਾਪਰਟੀ ਸੁਰੱਖਿਅਤ ਕ੍ਰੈਡਿਟਰ ਕੋਲ ਮੋਰਟਗੇਜ਼ਡ/ਚਾਰਜ਼ਡ ਹੈ, ਜਿਸ ਦਾ ਕੰਸਟ੍ਰਕਟਿਵ/ਫਿਜ਼ੀਕਲ ਕਬਜ਼ਾ ਅਧਿਕਾਰਤ ਅਫ਼ਸਰ **ਏਯੂ ਸਮਾਲ ਫਾਇਨਾਂਸ ਬੈਂਕ ਲਿਮ. (ਇਕ ਪੱਟੀਦਰਜ ਕਮਰਸ਼ੀਅਲ ਬੈਂਕ)**, ਇੱਥੇ ਹੁਣ ਏਯੂਐਸਐਫਬੀ ਦੇ ਰੂਪ ਵਿਚ ਵਰਣਤ ਵੱਲੋਂ ਲੈ ਲਿਆ ਗਿਆ ਹੈ। ਸੁਰੱਖਿਅਤ ਅਸਾਸਿਆਂ ਨੂੰ ਏਯੂਐਸਐਫਬੀ ਅਰਥਾਤ ਸੁਰੱਖਿਅਤ ਕ੍ਰੈਡਿਟਰ ਨੂੰ ਬਣਦੇ ਭਵਿੱਖ ਦੇ ਵਿਆਜ, ਲਾਗਤ, ਚਾਰਜਿਜ਼ ਅਤੇ ਖ਼ਰਚਿਆਂ ਦੇ ਨਾਲ ਹੇਠ ਲਿਖੇ ਟੇਬਲ ਵਿਚ ਦਰਸਾਈ ਰਕਮ ਦੀ ਵਸੂਲੀ ਲਈ ਈ-ਨਿਲਾਮੀ ਰਾਹੀਂ **'ਜੋ ਵੀ ਹੈ, ਜਿੱਥੇ ਵੀ ਹੈ', 'ਜਿਸ ਤਰ੍ਹਾਂ ਵੀ ਹੈ'** ਆਧਾਰ 'ਤੇ ਵੇਚਿਆ ਜਾਵੇਗਾ।

ਧਿਆਨ ਦਿਓ ਕਿ ਅਸੀਂ ਈ-ਨਿਲਾਮੀ ਨੂੰ ਵੈੱਬਸਾਈਟ https://sarfaesi.auctiontiger.net ਰਾਹੀਂ ਸੰਚਾਲਿਤ ਕਰਾਂਗੇ।

ਕਰਜ਼ਦਾਰ/ਸਹਿ-ਕਰਜ਼ਦਾਰ/ਗਾਰੰਟਰ/ਗਿਰਵੀਦਾਤਾ ਦਾ ਨਾਂ/ਲੋਨ ਖਾਤਾ ਨੰ.	13(2) ਡਿਮਾਂਡ ਨੋਟਿਸ ਅਨੁਸਾਰ ਮਿਤੀ ਅਤੇ ਰਕਮ	ਕਬਜ਼ੇ ਦੀ ਮਿਤੀ	ਪ੍ਰਾਪਰਟੀ ਦਾ ਵੇਰਵਾ	ਪ੍ਰਾਪਰਟੀ ਦਾ ਰਾਖਵਾਂ ਮੁੱਲ	ਪ੍ਰਾਪਰਟੀ ਲਈ ਬਿਆਨਾ ਰਕਮ	ਈ-ਨਿਲਾਮੀ ਦੀ ਮਿਤੀ ਤੇ ਸਮਾਂ	ਬੋਲੀ ਜਮ੍ਹਾਂ ਕਰਵਾਉਣ ਦੀ ਮਿਤੀ	ਟੈਂਡਰ ਜਮ੍ਹਾਂ ਕਰਵਾਉਣ ਲਈ ਈ-ਨਿਲਾਮੀ ਸਥਾਨ	ਸੰਪਰਕ ਵਿਅਕਤੀ ਤੇ ਪ੍ਰਾਪਰਟੀ ਨਿਰੀਖਣ ਦੀ ਮਿਤੀ
ਏ/ਸੀ ਨੰਬਰ L9001060837979015 ਅਤੇ L9001060132138631 ਹੋਮਰਾਜ ਸਿੰਘ (ਕਰਜ਼ਦਾਰ), ਸ੍ਰੀਮਤੀ ਹਰਪਾਲ ਕੌਰ (ਸਹਿ-ਕਰਜ਼ਦਾਰ)	15-ਸਤੰਬਰ-25 ਰੁਪਏ 323617/- ਰੁਪਏ ਤਿੰਨ ਲੱਖ ਤੇਈ ਹਜ਼ਾਰ ਛੇ ਸੌ ਸਤਾਰਾਂ ਸਿਰਫ ਅਤੇ 16-ਸਤੰਬਰ-25 ਰੁਪਏ 531623/- ਰੁਪਏ ਪੰਜ ਲੱਖ ਇਕੱਤੀ ਹਜ਼ਾਰ ਛੇ ਸੌ ਤੇਈ ਸਿਰਫ **11-ਸਤੰਬਰ-25 ਨੂੰ**	17 ਸਤੰਬਰ 26	ਜਾਇਦਾਦ ਸਥਿਤ ਐਟ-ਖਸਰਾ ਨੰ: 75-7-2-1-00-10 ਖਾਤਾ ਨੰ: 834-1601 ਮੌਜੂਦਾ 899-1671, ਮੌੜ ਖੁਰਦ, ਤਹਿਸੀਲ-ਮੌੜ, ਜ਼ਿਲ੍ਹਾ-ਬਠਿੰਡਾ, ਪੰਜਾਬ। "ਦਸਤਾਵੇਜ਼ਾਂ ਅਨੁਸਾਰ **ਜਾਇਦਾਦ ਦਾ ਖੇਤਰਫਲ 302 ਵਰਗ ਗਜ਼ ਹੈ ਪਰ ਭੌਤਿਕ ਤੌਰ 'ਤੇ ਉਪਲਬਧ 249.89 ਵਰਗ ਗਜ਼ ਹੈ।**"	ਰੁ. 850000/- ਅੱਠ ਲੱਖ ਪੰਜਾਹ ਹਜ਼ਾਰ ਸਿਰਫ।	ਰੁ. 85000/- ਸਿਰਫ ਪਚਾਸੀ ਹਜ਼ਾਰ	16-ਦਸੰਬਰ-26 ਦੁਪਹਿਰ 2.00 ਵਜੇ ਤੋਂ ਸ਼ਾਮ 4.00 ਵਜੇ ਤੱਕ 5 ਮਿੰਟ ਦੇ ਅਸੀਮਤ ਐਕਸਟੈਂਸ਼ਨ ਦੇ ਨਾਲ	14-ਦਸੰਬਰ-26 ਨੂੰ ਜਾਂ ਇਸ ਤੋਂ ਪਹਿਲਾਂ	ਏਯੂ ਸਮਾਲ ਫਾਈਨਾਂਸ ਬੈਂਕ ਲਿਮਿਟਿਡ, ਬ੍ਰਾਂਚ ਦਾ ਪਤਾ: ਫਸਟ ਫਲੋਰ ਮਾਡਲ ਟਾਊਨ ਮਾਡਲ ਟਾਊਨ -ਐਸੇਟ ਸੈਂਟਰ, ਟੀਵੀ ਟਾਵਰ ਫੈਚ ਦੇ ਨੇੜੇ, ਜ਼ਿਲ੍ਹਾ ਬਠਿੰਡਾ, ਪੰਜਾਬ-151001	ਰਾਜਿੰਦਰ ਸਿੰਘ 8288001837, auctions@aubank.in ਫੇਰੀ ਦੀ ਮਿਤੀ: 11-ਦਸੰਬਰ-26
ਏ/ਸੀ ਨੰਬਰ L9001070126037412 ਲਵ ਪ੍ਰੀਤ (ਕਰਜ਼ਾ ਲੈਣ ਵਾਲਾ), ਸ੍ਰੀਮਤੀ ਰੀਨਾ (ਸਹਿ-ਕਰਜ਼ਾ ਲੈਣ ਵਾਲੀ), ਕਿਸ਼ੋਰ ਕੁਮਾਰ (ਸਹਿ-ਕਰਜ਼ਾ ਲੈਣ ਵਾਲਾ), ਅਭਿਸ਼ੇਕ ਸ਼ਰਮਾ (ਸਹਿ-ਕਰਜ਼ਾ ਲੈਣ ਵਾਲਾ)	16-ਦਸੰਬਰ-26 1373611/- ਰੁਪਏ ਤੇਰਾਂ ਲੱਖ ਤੇਹੱਤਰ ਹਜ਼ਾਰ ਛੇ ਸੌ ਗਿਆਰਾਂ ਰੁ. ਸਿਰਫ **11-ਦਸੰਬਰ-25 ਤੱਕ**	02-ਸਤੰਬਰ-26	ਖੇਵਟ ਨੰਬਰ-440/432, ਖਤੌਨੀ ਨੰ. 590/577, ਖਸਰਾ ਨੰ. 178//9/1/3-11, ਬਸਤੀ ਭੱਟੀਆਂ, ਤਹਿ. ਅਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ 5 ਵਿਖੇ ਸਥਿਤ ਜਾਇਦਾਦ **ਪੈਮਾਇਸ਼ 5 ਮਰਲਾ**	ਰੁ. 1305000/- ਰੁ. ਤੇਰਾਂ ਲੱਖ ਪੰਜ ਹਜ਼ਾਰ ਸਿਰਫ	ਰੁ. 130500/- ਇੱਕ ਲੱਖ ਤੀਹ ਹਜ਼ਾਰ ਪੰਜ ਸੌ ਰੁ. ਸਿਰਫ	17 ਦਸੰਬਰ-26 ਦੁਪਹਿਰ 2.00 ਵਜੇ ਤੋਂ ਸ਼ਾਮ 4.00 ਵਜੇ 5 ਮਿੰਟ ਦੇ ਅਸੀਮਤ ਵਾਧੇ ਦੇ ਨਾਲ	15-ਦਸੰਬਰ-26 ਨੂੰ ਜਾਂ ਇਸ ਤੋਂ ਪਹਿਲਾਂ	ਏਯੂ ਸਮਾਲ ਫਾਈਨਾਂਸ ਬੈਂਕ ਲਿਮਿਟਿਡ, ਬ੍ਰਾਂਚ ਦਾ ਪਤਾ: ਹਾਊਸ ਨੰਬਰ ਈਐਸ 22/22, ਬਗਦਾਦੀ ਗੇਟ, ਸਰਕੂਲਰ ਰੋਡ, ਫਿਰੋਜ਼ਪੁਰ-152002	ਗੁਰਪ੍ਰੀਤ ਸਿੰਘ 8288008784 ਅਤੇ 9773358234, auctions@aubank.in ਮੁਲਾਕਾਤ ਮਿਤੀ: 11-ਦਸੰਬਰ-26
ਏ/ਸੀ ਨੰਬਰ L9001070129349249 ਸੰਦੀਪ ਕੌਰ (ਕਰਜ਼ਾ ਲੈਣ ਵਾਲੀ), ਗਗਨਦੀਪ ਪੁੱਤਰ ਰਮਨ ਕੁਮਾਰ (ਸਹਿ-ਕਰਜ਼ਾ ਲੈਣ ਵਾਲਾ), ਗੌਰਵ ਪੁੱਤਰ ਮਨੋਜ ਕੁਮਾਰ (ਗਾਰੰਟਰ)	19-ਫਰਵਰੀ-25 ਰੁਪਏ 1912425/- 17-ਫਰਵਰੀ-25 ਨੂੰ ਰੁ. ਉਨੀ ਲੱਖ ਬਾਰਾਂ ਹਜ਼ਾਰ ਚਾਰ ਸੌ ਪੱਚੀ ਸਿਰਫ	16-ਅਕਤੂਬਰ-25	ਪ੍ਰਾਪਰਟੀ ਨੰਬਰ 11//14(8-0), 11//13(8-0), 11//12(8-0), ਖਾਤਾ ਨੰਬਰ 644/701, 645/702, 646/703, ਜਮ੍ਹਾਂਬੰਦੀ ਸਾਲ 2019-2020, ਐਚ.ਬੀ. ਨੰਬਰ 250, ਪਿੰਡ ਸ਼ੇਰਗੜ੍ਹ ਤਹਿ. ਅਤੇ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ, ਦਸ਼ਤਾਵੇਜ਼ ਨੰ. 2022-23/156/1/2785 ਮਿਤੀ 05-08-2022 04 **ਮਰਲੇ 12 ਵਰਗ ਫੁੱਟ ਪੈਮਾਇਸ਼**	ਰੁ. 1000000/- ਸਿਰਫ ਦਸ ਲੱਖ ਰੁਪਏ	ਰੁ. 100000/- ਸਿਰਫ ਇੱਕ ਲੱਖ ਰੁਪਏ	03-ਦਸੰਬਰ-26 ਦੁਪਹਿਰ 2.00 ਵਜੇ ਤੋਂ ਸ਼ਾਮ 4.00 ਵਜੇ ਤੱਕ 5 ਮਿੰਟ ਦੇ ਅਸੀਮਤ ਐਕਸਟੈਂਸ਼ਨ ਦੇ ਨਾਲ	01-ਦਸੰਬਰ-26 ਨੂੰ ਜਾਂ ਇਸ ਤੋਂ ਪਹਿਲਾਂ	ਏਯੂ ਸਮਾਲ ਫਾਈਨਾਂਸ ਬੈਂਕ ਲਿਮਿਟਿਡ, ਸ਼ਾਖਾ ਦਫਤਰ: ਸਕੀਮ ਨੰ. 11, ਪ੍ਰੇਮਗੜ੍ਹ ਚੰਡੀਗੜ੍ਹ ਰੋਡ, ਹੁਸ਼ਿਆਰਪੁਰ 146001	ਗੁਰਪ੍ਰੀਤ ਸਿੰਘ 8288008784 ਅਤੇ 9773358234, auctions@aubank.in ਮੁਲਾਕਾਤ ਦੀ ਮਿਤੀ: 27-ਨਵੰਬਰ-26
ਏ/ਸੀ ਨੰਬਰ L9001070136504642 ਸੋਮਨਾਥ ਪੁੱਤਰ ਓਮ ਪ੍ਰਕਾਸ਼ (ਕਰਜ਼ਾ ਲੈਣ ਵਾਲਾ), ਸ੍ਰੀਮਤੀ ਨੀਤੂ ਬਾਲਾ ਪਤਨੀ ਸੋਮਨਾਥ (ਸਹਿ-ਕਰਜ਼ਾ ਲੈਣ ਵਾਲੀ)	12-ਸਤੰਬਰ-24 ਰੁਪਏ 1045300/- ਸਿਰਫ ਦਸ ਲੱਖ ਪੰਤਾਲੀ ਹਜ਼ਾਰ ਤਿੰਨ ਸੌ ਰੁਪਏ 10-ਸਤੰਬਰ-24 ਦੇ ਅਨੁਸਾਰ	28-ਮਾਰਚ-25	ਜਾਇਦਾਦ ਸਥਿਤ-3.30 ਮਰਲੇ ਰਜਿਸਟ੍ਰੇਸ਼ਨ ਨੰ. 2023-24/54/1/3507 ਮਿਤੀ 21.09.2023 ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ ਵਿਖੇ, **ਮਾਪ 3.30 ਮਰਲੇ**	ਰੁ. 601000/- ਛੇ ਲੱਖ ਇੱਕ ਹਜ਼ਾਰ ਰੁਪਏ ਸਿਰਫ	ਰੁ. 60100/- ਰੁ. ਸੱਠ ਹਜ਼ਾਰ ਇੱਕ ਸੌ ਸਿਰਫ	03-ਦਸੰਬਰ-26 ਦੁਪਹਿਰ 2.00 ਵਜੇ ਤੋਂ ਸ਼ਾਮ 4.00 ਵਜੇ ਤੱਕ 5 ਮਿੰਟ ਦੇ ਅਸੀਮਤ ਐਕਸਟੈਂਸ਼ਨ ਦੇ ਨਾਲ	01-ਦਸੰਬਰ-26 ਨੂੰ ਜਾਂ ਇਸ ਤੋਂ ਪਹਿਲਾਂ	ਏਯੂ ਸਮਾਲ ਫਾਈਨਾਂਸ ਬੈਂਕ ਲਿਮਿਟਿਡ, ਬ੍ਰਾਂਚ ਆਫਿਸ: ਪ੍ਰਾਪਰਟੀ ਨੰ: 41, ਰਾਧਾਸੁਆਮੀ ਕਲੋਨੀ, ਪੈਂਚਾਂ ਵਾਲੀ, ਤਹਿਸੀਲ ਫਾਜ਼ਿਲਕਾ 152123	ਗੁਰਪ੍ਰੀਤ ਸਿੰਘ 8288008784 ਅਤੇ 9773358234, auctions@aubank.in ਵਿਜ਼ਿਟ ਕਰਨ ਦੀ ਮਿਤੀ 27-ਨਵੰਬਰ-26
ਏ/ਸੀ ਨੰਬਰ L9001060138702374 ਵਸਨ ਸਿੰਘ (ਕਰਜ਼ਾ ਲੈਣ ਵਾਲਾ), ਸ੍ਰੀਮਤੀ ਸੁਰਿੰਦਰ ਕੌਰ (ਸਹਿ-ਕਰਜ਼ਾ ਲੈਣ ਵਾਲੀ)	20 ਅਗਸਤ-25 735025/- ਰੁਪਏ ਸੱਤ ਲੱਖ ਪੈਂਤੀ ਹਜ਼ਾਰ ਪੱਚੀ ਸਿਰਫ 12-ਅਗਸਤ-25 ਦੇ ਅਨੁਸਾਰ	25-ਜੂਨ-26	ਜਾਇਦਾਦ ਸਥਿਤ-ਖਾਤਾ ਨੰ: 139/141, 154/156, 170/172, ਖਸਰਾ ਨੰ. 15//21, 16//16, 17, ਪਿੰਡ-ਮੇਹਰਬਾਨ ਹੱਦਬਸਤ ਨੰ: 71, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ **ਮਾਪ 90 ਵਰਗ ਗਜ਼**	ਰੁ. 700000/- ਸਿਰਫ ਸੱਤ ਲੱਖ ਰੁਪਏ	ਰੁ. 70000/- ਸੱਤਰ ਹਜ਼ਾਰ ਸਿਰਫ	03-ਦਸੰਬਰ-26 ਦੁਪਹਿਰ 2.00 ਵਜੇ ਤੋਂ ਸ਼ਾਮ 4.00 ਵਜੇ ਤੱਕ 5 ਮਿੰਟ ਦੇ ਅਸੀਮਤ ਐਕਸਟੈਂਸ਼ਨ ਦੇ ਨਾਲ	01-ਦਸੰਬਰ-26 ਨੂੰ ਜਾਂ ਇਸ ਤੋਂ ਪਹਿਲਾਂ	ਏਯੂ ਸਮਾਲ ਫਾਈਨਾਂਸ ਬੈਂਕ ਲਿਮਿਟਿਡ, ਸ਼ਾਖਾ ਦਾ ਪਤਾ: ਸੀ 1 ਪੱਖੋਵਾਲ ਰੋਡ, ਕਾਰਾਬਾਰਾ ਰੋਡ, ਕਨਾਲ ਕਲੋਨੀ, ਨਵੀਨ ਭਾਰਤ ਦੇ ਨਾਲ ਲੱਗਦੇ, ਲੁਧਿਆਣਾ, ਪੰਜਾਬ 141002	ਗੁਰਪ੍ਰੀਤ ਸਿੰਘ 8288008784 ਅਤੇ 9773358234, auctions@aubank.in ਵਿਜ਼ਿਟ ਕਰਨ ਦੀ ਮਿਤੀ 27-ਨਵੰਬਰ-26

ਈ-ਨਿਲਾਮੀ ਵਿਕਰੀ ਦੀਆਂ ਸ਼ਰਤਾਂ ਤੇ ਪ੍ਰਤੀਬੰਧ:
(1) ਸੁਰੱਖਿਅਤ ਅਸਾਸੇ ਦੀ ਈ-ਨਿਲਾਮੀ ਵਿਕਰੀ ਸੁਰੱਖਿਅਤ ਕ੍ਰੈਡਿਟਰ ਅਰਥਾਤ AUSFB ਦੇ ਵੱਲੋਂ ਤੇ ਵਾਸਤੇ **"ਜਿਵੇਂ ਹੈ ਜਿੱਥੇ ਹੈ", "ਜਿਸ ਵੀ ਹਾਲ ਵਿਚ ਹੈ"** ਅਤੇ **"ਨੋ ਰਿਕੋਰਸ"** ਆਧਾਰ 'ਤੇ ਕੀਤੀ ਜਾਵੇਗੀ ਅਤੇ ਉਕਤ ਪ੍ਰਾਪਰਟੀ ਪ੍ਰਤੀ ਕਿਸੇ ਵੀ ਤਰ੍ਹਾਂ ਦੇ ਰਿਣ-ਭਾਰ ਦੀ ਜਾਣਕਾਰੀ ਨਹੀਂ ਹੈ। (2) ਆਨਲਾਈਨ ਈ-ਨਿਲਾਮੀ ਵਿਚ ਹਿੱਸਾ ਲੈਣ ਲਈ MSME AUCTION POOL ACCOUNT OF AU Small Finance Bank Limited, Current account No. 1921201121711599 AU SMALL FINANCE BANK LIMITED Fifth and Sixth Floor Sunny Big Junction STC Khasra No. 64 to 67, Gram Sukhaipura New Atish Market, Jaipur 302020, IFSC Code: AUBL0002011 ਦੇ ਪੱਖ ਵਿਚ RTGS/NEFT/DD ਰਾਹੀਂ ਭੁਗਤਾਨਯੋਗ ਬਿਆਨਾ ਰਕਮ ਸਹਿਤ ਬੋਲੀ ਦਸਤਾਵੇਜ਼, ਪੈਨ ਕਾਰਡ, ਕੰਪਨੀ ਦੇ ਮਾਮਲੇ ਵਿਚ ਬੋਰਡ ਪ੍ਰਸਤਾਵ, ਫੋਟੋ ਆਈਡੀ, ਪਤੇ ਦੇ ਸਬੂਤ ਦੀ ਕਾਪੀ ਨੂੰ ਜਮ੍ਹਾਂ ਕਰਵਾਉਣਾ ਹੋਵੇਗਾ। ਬੋਲੀ ਇਕ ਵਾਰ ਆਨਲਾਈਨ ਜਮ੍ਹਾਂ ਹੋ ਜਾਣ ਤੋਂ ਬਾਅਦ ਵਾਪਸ ਨਹੀਂ ਲਈ ਜਾ ਸਕਦੀ। ਇਸ ਤੋਂ ਇਲਾਵਾ ਬੋਲੀਕਾਰ ਵੱਲੋਂ ਨਿਮਨ ਈਮੇਲ ਆਈਡੀ ਅਰਥਾਤ auctions@aubank.in 'ਤੇ ਕੈਂਸਲਡ ਚੈੱਕ ਦੀ ਇਕ ਕਾਪੀ ਭੇਜਣ ਸਹਿਤ ਆਰਟੀਜੀਐਸ/ਐਨਈਐਫਟੀ/ਡੀਡੀ ਦਾ ਹਵਾਲਾ ਨੰ./ਯੂਟੀਆਰ/ਰੈਫ. ਨੰ. ਭੇਜਦੇ ਹੋਏ ਬਿਆਨਾ ਰਕਮ ਨੂੰ ਜਮ੍ਹਾਂ ਕਰਵਾਇਆ ਜਾਵੇ। (3) ਸਾਰੇ ਚਾਹਵਾਨ ਪ੍ਰਤੀਭਾਗੀਆਂ/ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਈ-ਨਿਲਾਮੀ ਵਿਕਰੀ ਪ੍ਰਕ੍ਰਿਆ ਵਿਚ ਹਿੱਸਾ ਲੈਣ ਦੀਆਂ ਸ਼ਰਤਾਂ ਅਤੇ ਪ੍ਰਤੀਬੰਧਾਂ ਸਹਿਤ ਹੋਰ ਵੇਰਵੇ ਲਈ ਵੈੱਬਸਾਈਟ https://sarfaesi.auctiontiger.net **ਅਤੇ** https://www.aubank.in/bank-auction 'ਤੇ ਧਿਆਨ ਅਤੇ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਪਰਕ ਕਰਨ- **ਈਮੇਲ:** auctions@aubank.in

ਕ੍ਰਿਪਾ ਕਰਕੇ ਨੋਟ ਕਰੋ: ਇਸ ਨੂੰ ਉਕਤ ਮਿਤੀ ਨੂੰ ਟੈਂਡਰ/ਅੰਤਰ ਬੋਲੀ ਰਾਹੀਂ ਵਿਕਰੀ ਬਾਰੇ ਉਕਤ ਲੋਨ ਅਕਾਊਂਟ ਦੇ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਮੋਰਟਗੇਜਰਾਂ ਲਈ ਨਿਯਮ-9(1) ਦੇ ਨਾਲ ਪੜ੍ਹੇ ਜਾਣ ਵਾਲੇ ਨਿਯਮ-8(6) ਅਧੀਨ 15 ਦਿਨਾਂ ਦਾ ਨੋਟਿਸ ਵੀ ਸਮਝਿਆ ਜਾਵੇ। ਕਰਜ਼ਦਾਰ ਵੱਲੋਂ ਬਕਾਇਆ ਪੂਰੀ ਰਾਸ਼ੀ ਦਾ ਭੁਗਤਾਨ ਨੋਟਿਸ ਦੀ ਨਿਰਧਾਰਤ ਮਿਆਦ ਵਿਚ ਨਾ ਕੀਤੇ ਜਾਣ 'ਤੇ ਪ੍ਰਾਪਰਟੀ ਵੇਚ ਦਿੱਤੀ ਜਾਵੇਗੀ।

ਥਾਂ: ਪੰਜਾਬ **ਮਿਤੀ: 03.11.2026** **ਅਧਿਕਾਰਤ ਅਫ਼ਸਰ, ਏਯੂ ਸਮਾਲ ਫਾਇਨਾਂਸ ਬੈਂਕ ਲਿਮਟਿਡ।**

यूको बैंक सम्मान आपके विश्वास का UCO BANK Honours your trust

ਈ-ਨਿਲਾਮੀ ਵਿਕਰੀ ਨੋਟਿਸ

ਯੂਕੋ ਬੈਂਕ ਜ਼ੋਨਲ ਦਫਤਰ, ਚੰਡੀਗੜ੍ਹ-ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ-160017
ਫੋਨ: 0172-5037339, 5037340, ਈਮੇਲ: zochng.rec@uco.bank.in

ਈ-ਨਿਲਾਮੀ ਵਿਕਰੀ ਦੀ ਵਿਕਰੀ ਸੂਚਨਾ (ਅਚੱਲ ਪ੍ਰਾਪਰਟੀਆਂ ਲਈ)

ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਨਿਯਮ 8 (6) ਦੇ ਉਪਬੰਧ ਦੇ ਨਾਲ ਪੜ੍ਹੇ ਜਾਣ ਵਾਲੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ ਤੇ ਕਰਜ਼ਦਾਰ ਅਤੇ ਗਾਰੰਟਰਾਂ (ਗਾਰੰਟਰਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਅਚੱਲ ਸੰਪਤੀ ਯੂਕੋ ਬੈਂਕ (ਸੁਰੱਖਿਅਤ ਲੈਣਦਾਰ) ਨੂੰ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ ਜਿਸ ਦਾ ਪ੍ਰਤੀਕਾਤਮਕ/ਭੌਤਿਕ ਕਬਜ਼ਾ ਯੂਕੋ ਬੈਂਕ ਦੇ ਅਧਿਕਾਰਤ ਅਧਿਕਾਰੀ (ਸੁਰੱਖਿਅਤ ਲੈਣਦਾਰ) ਦੁਆਰਾ ਲਿਆ ਗਿਆ ਹੈ, ਨੂੰ "ਜਿਵੇਂ ਹੈ ਜਿੱਥੇ ਹੈ," "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਹੈ ਉੱਥੇ ਹੈ" ਅਤੇ "ਬਿਨਾਂ ਸਹਾਰੇ ਦੇ ਆਧਾਰ 'ਤੇ ਵੇਚਿਆ ਜਾਵੇਗਾ ਅਤੇ ਖਰੀਦਦਾਰਾਂ ਤੋਂ ਖਰੀਦ ਇਥੇ ਜ਼ਿਕਰ ਕੀਤੀਆਂ ਅਚੱਲ ਜਾਇਦਾਦਾਂ ਲਈ ਬੋਲੀ ਮੰਗਵਾਈ ਜਾਵੇਗੀ।

ਲੜੀ ਨੰ.	ਸ਼ਾਖਾ ਅਤੇ ਕਰਜ਼ਦਾਰ/ ਗਾਰੰਟਰ ਦਾ ਨਾਮ	ਅਚੱਲ ਜਾਇਦਾਦਾਂ ਦਾ ਵੇਰਵਾ	ਕਬਜ਼ੇ ਦੀ ਮਿਤੀ/ਕਬਜ਼ੇ ਦੀ ਸਥਿਤੀ (ਭੌਤਿਕ ਜਾਂ ਪ੍ਰਤੀਕਾਤਮਕ)	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ	ਰਿਜ਼ਰਵ ਕੀਮਤ / ਈ.ਐਮ.ਡੀ. / ਬੋਲੀ ਵਧਾਉਣ ਦੀ ਰਕਮ	ਸਬੰਧਤ ਅਧਿਕਾਰੀ ਦਾ ਵੇਰਵਾ	ਨਿਲਾਮੀ ਦੀ ਮਿਤੀ ਅਤੇ ਸਮਾਂ
1.	**ਸੈਕਟਰ 44 (2396), ਚੰਡੀਗੜ੍ਹ ਸ਼ਾਖਾ** **ਕਰਜ਼ਦਾਰ: ਮੈਸਰਜ਼ ਪਾਪੂਲਰ ਮੈਡੀਕੇਅਰ, ਪਤਾ:-** ਇਮਾਰਤ ਨੰ. 602, ਪਹਿਲੀ ਮੰਜ਼ਿਲ, ਕੇਸ਼ੋ ਰਾਮ ਕੰਪਲੈਕਸ, ਗਲੀ ਨੰਬਰ 6, ਸੈਕਟਰ-45, ਬੁੜੈਲ, ਚੰਡੀਗੜ੍ਹ। **ਗਾਰੰਟਰ:- (1) ਸ੍ਰੀ ਰਾਹੁਲ ਸਹਿਗਲ, ਪਤਾ:-** ਮਕਾਨ ਨੰ. ਐਚ.ਐਮ. 558, ਫੇਜ਼-7, ਸੈਕਟਰ-62, ਐਸ.ਏ.ਐਸ. ਨਗਰ, ਮੁਹਾਲੀ, ਪੰਜਾਬ-160062, **(2) ਸ੍ਰੀਮਤੀ ਨਿਧੀ ਸਹਿਗਲ, ਪਤਾ:-** ਮਕਾਨ ਨੰ. ਐਚ.ਐਮ. 558, ਫੇਜ਼-7, ਸੈਕਟਰ-62, ਐਸ.ਏ.ਐਸ. ਨਗਰ, ਮੁਹਾਲੀ, ਪੰਜਾਬ-160062, **(3) ਸ੍ਰੀਮਤੀ ਚਾਂਦ ਕਸ਼ਯਪ** ਪਤਨੀ ਰਮੇਸ਼ ਕਸ਼ਯਪ, ਸੇਠੀਆਂ ਵਾਲੀ ਗਲੀ, ਜੀ.ਟੀ. ਰੋਡ, ਬਿਆਸ, ਅੰਮ੍ਰਿਤਸਰ, ਪੰਜਾਬ-143201 ਹੈ।	**ਅਚੱਲ ਦਾ ਸਾਰਾ ਹਿੱਸਾ** ਰਿਹਾਇਸ਼ੀ ਜਾਇਦਾਦ ਜਿਸ ਵਿਚ ਜਾਇਦਾਦ H.No. 70, ਐਡਜ. ਸਟਰੀਟ ਸੈਂਟਰਲ ਬੈਂਕ ਆਫ ਇੰਡੀਆ 5 ਮਰਲੇ 3 ਸਰਸਾਈ, ਖਸਰਾ ਨੰਬਰ 113 = 4 ਕਨਾਲ 7 ਮਰਲੇ ਜ਼ਮੀਨ ਹੈ ਜਿਸ ਦਾ 48/783 ਹਿੱਸਾ ਪਿੰਡ ਬੁੱਢਾ ਥੇਹ, ਤਹਿਸੀਲ ਬਿਆਸ, ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਵਿਖੇ ਸਥਿਤ ਹੈ: (a) ਮਾਲਕੀ ਡੀਡ ਨੰਬਰ 1411 ਮਿਤੀ 30.07.2004 (b) ਚਾਂਦ ਰਾਣੀ ਪਤਨੀ ਰਮੇਸ਼ ਕੁਮਾਰ ਦੇ ਨਾਮ 'ਤੇ ਗਿਰਵੀ ਜਾਇਦਾਦ ਦੇ ਮਾਲਕ ਦਾ ਨਾਮ (c) ਜਾਇਦਾਦ ਦੀ ਸੀਮਾ, ਜਿਵੇਂ ਕਿ: ਬਟਿਆ ਹੋਇਆ ਅਤੇ ਇਸ ਨਾਲ ਘਿਰਿਆ ਹੋਇਆ: ਪੂਰਬ ਵੱਲ: ਗਲੀ 4'-6" ਚੌੜੀ ਅਤੇ ਸੁਸ਼੍ਰੀ ਸਿੰਮੀ ਦਾ ਨਿਵਾਸ; ਪੱਛਮ ਵੱਲ: ਸ੍ਰੀ ਬਬਲੂ ਦਾ ਨਿਵਾਸ, ਉੱਤਰ ਵੱਲ: ਰੇਲਵੇ ਲਾਈਨ, ਦੱਖਣ ਵੱਲ: ਆਸ਼ੂ ਜਨਰਲ ਸਟੋਰ ਵਾਲੇ ਦਾ ਨਿਵਾਸ। ਦਸਤਾਵੇਜ਼ ਦੇ ਅਨੁਸਾਰ:- ਪੂਰਬ: ਗਲੀ ਅਤੇ ਹੁਕਮ ਸਿੰਘ ਚੌਹਾਨ, ਪੱਛਮ: ਓਮ ਪ੍ਰਕਾਸ਼ ਓਹਰੀ, ਉੱਤਰ: ਰੇਲਵੇ ਜਾਇਦਾਦ, ਦੱਖਣ: ਊਸ਼ਾ ਸ਼ਰਮਾ ਦਾ ਘਰ।	06.06.2026/ Symbolic	05.12.2025/ Rs. 63,82,626.16 * Less repayments made after NPA	Rs. 35,00,000/ Rs. 3,50,000/- Rs. 20,000/-	Ms. Shallu Sharma M.: 9805916076 E-mail: ambcha@uco.bank.in	20.11.2026 11:00 A.M. to 05:00 P.M
2.	**ਲਹਿਰਾਗਾਗਾ (3173) ਬਰਾਂਚ** **ਕਰਜ਼ਾ ਲੈਣ ਵਾਲੇ:- (1) ਸ੍ਰੀਮਤੀ ਸਰਬਜੀਤ ਕੌਰ,** ਨਿਵਾਸੀ ਚੈਨਪੁਰਾ ਬਸਤੀ, ਵਾਰਡ ਨੰ. 8, ਲਹਿਰਾਗਾਗਾ, **(2) ਸ੍ਰੀ ਰਾਮਫਲ ਸਿੰਘ,** ਨਿਵਾਸੀ ਚੈਨਪੁਰਾ ਬਸਤੀ, ਵਾਰਡ ਨੰ. 8, ਲਹਿਰਾਗਾਗਾ। ਗਾਰੰਟਰ:- ਸ੍ਰੀ ਗੁਰਮੇਲ ਸਿੰਘ, ਵਾਸੀ ਮਕਾਨ ਨੰਬਰ 24, ਲਾਜਵਾਨਾ ਕਲਾਂ, ਜੀਂਦ, ਹਰਿਆਣਾ।	ਸੰਪੂਰਨ ਰਿਹਾਇਸ਼ੀ ਮਕਾਨ, ਖਾਤਾ ਨੰ. 520/989, ਖਸਰਾ ਨੰ. 63//22/2(5-16) 23/1/2(1-15) 78//2(9-14) 9(8-4) 12/1(0-9) ਵਿਚ ਸ਼ਾਮਲ ਮਕਾਨ। ਕੁੱਲ ਮਾਪ 26 ਕਨਾਲ 08 ਮਰਲਾ, 10-1/4 ਮਰਲਾ ਦਾ 41/2112 ਹਿੱਸਾ (310.59 ਵਰਗ ਗਜ਼), ਵਾਰਡ ਨੰ. 10, ਨਗਲਾ ਕਲੋਨੀ, ਜਵਾਹਰ ਵਾਲਾ ਰੋਡ, ਲਹਿਰਾਗਾਗਾ ਵਿਖੇ ਸਥਿਤ, ਸ੍ਰੀਮਤੀ ਸਰਬਜੀਤ ਕੌਰ ਦੀ ਮਲਕੀਅਤ, ਸੇਲ ਡੀਡ ਨੰ. 2020-21/132/1/1872, ਮਿਤੀ 31.12.2020 ਦੇ ਤਹਿਤ ਰਜਿਸਟਰਡ। ਸੀਮਾਵਾਂ ਹਨ:- ਪੂਰਬ: ਸਟ੍ਰੀਟ, ਪੱਛਮ: Suesh Rani, ਉੱਤਰ: ਸਟ੍ਰੀਟ, ਦੱਖਣ: ਤਰਸੇਮ ਚੰਦ।	09.12.2025/ Symbolic	10.09.2025/ Rs. 10,05,190.53 * Less repayments made after NPA	Rs. 17,40,000/- Rs. 1,74,000/- Rs. 10,000/-	Ms. Meghna Verma M.: 9056999896 E-mail: lehrag@uco.bank.in	20.11.2026 11:00 A.M. to 05:00 P.M
3.	**ਅਜੌਲੀ (1101) ਬਰਾਂਚ** **ਕਰਜ਼ਾ ਲੈਣ ਵਾਲੇ:- (1) ਸ੍ਰੀ ਵਿਜੇ ਕੁਮਾਰ** ਪੁੱਤਰ ਤਰਸੇਮ ਲਾਲ, ਵੀ.ਪੀ.ਓ. ਬ੍ਰਹਮਪੁਰ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ-140125, **(2) ਸ੍ਰੀਮਤੀ ਸੁਨੀਤਾ ਦੇਵੀ** ਪਤਨੀ ਵਿਜੇ ਕੁਮਾਰ, ਵੀ.ਪੀ.ਓ. ਬ੍ਰਹਮਪੁਰ, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ-140125	ਕੁੱਲ ਜ਼ਮੀਨ ਮਾਪ ਖੇਤਰ 6 ਮਰਲੇ 6 ਸਰਸਾਹੀ, ਕੁੱਲ 2 ਕਨਾਲ 13 ਮਰਲੇ ਜ਼ਮੀਨ ਦਾ 20/159 ਹਿੱਸਾ ਹੈ ਜੋ ਕਿ ਪਿੰਡ ਬ੍ਰਹਮਪੁਰ ਵਿਖੇ ਸਥਿਤ ਸਾਲ 2008-09 ਦੀ ਜਮ੍ਹਾਂਬੰਦੀ ਅਨੁਸਾਰ ਖਾਤਾ/ਖਤੌਨੀ ਨੰਬਰ 362/403, ਖਸਰਾ ਨੰਬਰ 21/ਆਰ/19/4(2-13) ਵਿਚ ਸ਼ਾਮਲ ਹੈ। ਪਿੰਡ ਬ੍ਰਹਮਪੁਰ ਐਚ.ਬੀ.-348, ਤਹਿਸੀਲ ਨੰਗਲ, ਜ਼ਿਲ੍ਹਾ ਰੂਪਨਗਰ, ਪੰਜਾਬ ਵਿਚ, ਸ੍ਰੀਮਤੀ ਸੁਨੀਤਾ ਦੇਵੀ ਪਤਨੀ ਵਿਜੇ ਕੁਮਾਰ, ਨਿਵਾਸੀ 139-ਸੀ, ਜਵਾਹਾ ਮਾਰਕੀਟ, ਤਹਿਸੀਲ ਨੰਗਲ, ਜ਼ਿਲ੍ਹਾ ਰੋਪੜ ਦੇ ਨਾਂ 'ਤੇ, ਵਸੀਕਾ ਨੰਬਰ 1735, ਮਿਤੀ 27.02.2013, ਹੇਠ ਲਿਖੇ ਅਨੁਸਾਰ ਸੀਮਾਬੱਧ: ਪੱਛਮ: ਜੰਗਲਾਤ ਜ਼ਮੀਨ, ਪੂਰਬ: ਲਿੰਕ ਰੋਡ, ਉੱਤਰ: ਵਿਸ਼ਾਲ ਦਾ ਪਲਾਟ, ਦੱਖਣ: ਸ੍ਰੀਮਤੀ ਪੂਨਮ ਦੀ ਜਾਇਦਾਦ।	04.02.2026/ Symbolic	10.11.202 / Rs. 13,98,410.82 * Less repayments made after NPA	Rs. 35,98,000/- Rs. 3,60,000/- Rs. 20,000/-	Mr. Amit Kumar M.: 6230960843 E-mail: ajauli@uco.bank.in	20.11.2026 11:00 A.M. to 05:00 P.M

ਸਰਫੇਸੀ ਐਕਟ, 2002 ਦੇ ਨਿਯਮ 8 (6) ਦੇ ਤਹਿਤ ਕਾਨੂੰਨੀ 15 ਦਿਨ ਦਾ ਵਿਕਰੀ ਨੋਟਿਸ

ਨਿਯਮ ਅਤੇ ਸ਼ਰਤਾਂ:- 1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਦੇ ਅਧੀਨ ਹੋਵੇਗੀ। [illegible] https://baanknet.com [illegible] supoort.baanknet@psballiance.com [illegible] https://baanknet.com [illegible]

ਮਿਤੀ: 03.11.2026 **ਸਥਾਨ: ਚੰਡੀਗੜ੍ਹ** **ਅਧਿਕਾਰਤ ਅਫਸਰ**